Punjab Files
ਪੰਜਾਬੀ ਸਨਾਤਨੀ ਦੀ ਆਵਾਜ਼




# YEAR 1996

# ਆਈ ਐਸ ਆਈ ਪੰਜਾਬ ਤੋਂ ਬਾਹਰ ਸਿੱਖ ਬੱਸ ਮੁਸਾਫਰਾਂ ਦੇ ਕਤਲਾਂ ਦੀ ਕੋਸ਼ਿਸ਼ 'ਚ-ਸ਼ਰਮਾ

ਚੰਡੀਗੜ੍ਹ, 30 ਅਪ੍ਰੈਲ-(ਪੀ. ਟੀ. ਆਈ.) ਸੁਰੱਖਿਆ ਬਲਾਂ ਵੱਲੋਂ ਪਾਕਿਸਤਾਨ ਦੀ ਲੁਕਵੀਂ ਜੰਗ ਅਸਫਲ ਹੋਣ ਤੋਂ ਬਾਅਦ ਇਸ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੇ ਪੰਜਾਬ ਵਿਚ ਸਿੱਧੀਆਂ ਹਦਾਇਤਾਂ ਦਿੱਤੀਆਂ ਹਨ ਕਿ ਰਾਜ ਵਿਚ ਹਿੰਸਾ ਦੀਆਂ ਕਾਰਵਾਈਆਂ ਤੇਜ਼ ਕੀਤੀਆਂ ਜਾਣ ਅਤੇ ਰਾਜਨੀਤਕ ਅਸਥਿਰਤਾ ਲਈ ਯਤਨ ਕੀਤੇ ਜਾਣ।

ਇਸ ਖਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸ੍ਰੀ ਓ. ਪੀ. ਸ਼ਰਮਾ ਨੇ ਕਿਹਾ ਕਿ ਸੁਰੱਖਿਆ ਬਲਾਂ ਦੇ ਲਗਾਤਾਰ ਦਬਾਅ ਅਤੇ ਕੋਸ਼ਿਸ਼ਾਂ ਕਾਰਨ ਆਈ.ਐਸ.ਆਈ. ਨੂੰ ਪੰਜਾਬ ਵਿਚ ਕੋਈ ਅਜਿਹਾ ਨੌਜਵਾਨ ਨਹੀਂ ਮਿਲ ਰਿਹਾ ਜਿਸ ਨੂੰ ਗੁੰਮਰਾਹ ਕਰਕੇ ਖਾੜਕੂ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਵੇਲੇ ਆਈ.ਐਸ.ਆਈ. ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਲਈ ਭਾਰਤ ਵਿਚ ਅਤੇ ਇਸ ਪ੍ਰਾਂਤ ਵਿਚ ਆਪਣੇ ਏਜੰਟ ਸਿੱਧੇ ਹੀ ਦਾਖਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਭਾਰਤੀ ਸੁਰੱਖਿਆ ਏਜੰਸੀਆਂ ਦੇ ਤਾਲਮੇਲ ਨਾਲ ਕੰਮ ਕਰਕੇ ਆਈ. ਐਸ. ਆਈ. ਦੀਆਂ ਪੰਜਾਬ ਵਿਚ ਆਪਣੇ ਏਜੰਟ ਦਾਖਲ ਕਰਨ ਦੀਆਂ ਅਨੇਕਾਂ ਕੋਸ਼ਿਸ਼ਾਂ ਨੂੰ ਨਾਕਾਮ ਬਣਾਇਆ ਹੈ।

ਸ੍ਰੀ ਸ਼ਰਮਾ ਨੇ ਕਿਹਾ ਕਿ ਆਈ.ਐਸ.ਆਈ. ਅਤੇ ਪਾਕਿਸਤਾਨ ਵਿਚਲੀਆਂ ਕੁਝ ਬੁਨਿਆਦ-ਪ੍ਰਸਤ ਸੰਸਥਾਵਾਂ ਨੇ ਲਗਪਗ 500 ਸਮੱਗਲਰਾਂ ਨੂੰ ਇਕੱਤਰ ਕਰਕੇ ਉਨ੍ਹਾਂ ਨੂੰ ਭਾਰਤ ਵਿਚ ਨਸ਼ੀਲੀਆਂ ਵਸਤਾਂ, ਹਥਿਆਰ ਅਤੇ ਅਸਲ੍ਹਾ ਸੁੱਟਣ ਦੀ ਹਦਾਇਤ ਦਿੱਤੀ ਹੈ। ਸਮੱਗਲਰਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਉਹ ਤੋੜ-ਫੋੜਕਾਰੀ ਅਨਸਰਾਂ ਨੂੰ ਭਾਰਤ ਵਿਚ ਦਾਖਲ ਕਰਨ ਵਿਚ ਉਨ੍ਹਾਂ ਦੀ ਮਦਦ ਕਰਨ।

ਪੁਲਿਸ ਮੁਖੀ ਨੇ ਕਿਹਾ ਕਿ ਪੱਕੀ ਸੂਚਨਾ 'ਤੇ ਪੰਜਾਬ ਪੁਲਿਸ ਨੇ ਭਾਰੀ ਮਾਤਰਾ ਵਿਚ ਨਸ਼ੀਲੀਆਂ ਵਸਤਾਂ, ਅਸਲ੍ਹਾ ਅਤੇ ਆਰ.ਡੀ.ਐਕਸ. ਬਾਰੂਦ ਬਰਾਮਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੀ ਮਦਦ ਨਾਲ ਹਾਲ ਹੀ ਵਿਚ ਦਿੱਲੀ ਪੁਲਿਸ ਨੇ 8 ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ [illegible] ਪਿਸਤੌਲ ਅਤੇ ਕਿਲੋ ਨਸ਼ੀਲੀ ਸਮੱਗਰੀ ਬਰਾਮਦ ਕੀਤੀ। ਉਨ੍ਹਾਂ ਆਈ. ਐਸ. ਆਈ. ਦੇ ਬਦਲੇ ਹੋਏ ਹਥ-ਕੰਡਿਆਂ ਬਾਰੇ ਗੱਲ ਕਰਦਿਆਂ ਸ੍ਰੀ ਸ਼ਰਮਾ ਨੇ ਕਿਹਾ ਕਿ ਆਈ. ਐਸ. ਆਈ. ਹੁਣ ਪਾਕਿਸਤਾਨੀਆਂ ਨੂੰ ਹਿੰਦੂਆਂ ਦੇ ਭੇਸ ਵਿਚ ਭੇਜ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਸੁਰੱਖਿਆ ਬਲਾਂ ਨੇ ਭਾਰਤ ਵਿਚ ਪਾਕਿਸਤਾਨ ਦੇ ਏਜੰਟ ਗੁਲਾਮ ਨਬੀ ਵੱਲੋਂ ਲਿਖਿਆ ਇਕ ਪੱਤਰ ਬਰਾਮਦ ਕੀਤਾ ਜਿਸ ਵਿਚ ਇਹ ਯੋਜਨਾ ਬਣਾਈ ਗਈ ਕਿ ਅਜਿਹੇ ਵਿਅਕਤੀ ਭਾਰਤੀ ਪੰਜਾਬ ਦੇ ਕਿਸੇ ਗੁਆਂਢੀ ਸੂਬੇ ਵਿਚ ਸਿੱਖ ਬੱਸ ਮੁਸਾਫਿਰਾਂ ਦਾ ਕਤਲੇਆਮ ਕਰਨਗੇ ਅਤੇ ਇਸ ਨਾਲ ਪੰਜਾਬ ਵਿਚਲੇ ਸਿੱਖ ਬਦਲੇ ਵਿਚ ਕਾਰਵਾਈਆਂ ਕਰਨਗੇ। ਸ੍ਰੀ ਸ਼ਰਮਾ ਨੇ ਕਿਹਾ ਕਿ ਜਿਹੜੇ ਸਿੱਖ ਨੌਜਵਾਨ ਵਿਦੇਸ਼ਾਂ ਵਿਚ ਰੋਜ਼ੀ-ਰੋਟੀ ਲਈ ਜਾਅਲੀ ਦਸਤਾਵੇਜ਼ਾਂ 'ਤੇ ਜਾਂਦੇ ਹਨ, ਪਰ ਜਿਨ੍ਹਾਂ ਨੂੰ ਉਹ ਨੌਕਰੀਆਂ ਨਹੀਂ ਮਿਲਦੀਆਂ ਜਿਨ੍ਹਾਂ ਦੇ ਉਨ੍ਹਾਂ ਨਾਲ ਵਾਅਦੇ ਕੀਤੇ ਗਏ ਹੁੰਦੇ ਹਨ, ਅਜਿਹੇ ਸਿੱਖ ਨੌਜਵਾਨਾਂ ਨੂੰ ਆਈ.ਐਸ.ਆਈ. ਵੱਲੋਂ ਭਰਤੀ ਕੀਤਾ ਜਾ ਰਿਹਾ ਹੈ। ਅਜਿਹੇ ਨੌਜਵਾਨਾਂ ਨੂੰ ਲਾਹੌਰ, ਰਾਵਲਪਿੰਡੀ ਅਤੇ ਬਹਾਵਲਪੁਰ ਲਿਆਂਦਾ ਜਾਂਦਾ ਹੈ ਅਤੇ ਫਿਰ ਇਨ੍ਹਾਂ ਨੂੰ ਅਸਤਨਾਬਾਦ ਅਤੇ ਮੁਜ਼ੱਫਰਾਬਾਦ ਵਿਖੇ ਅਫਗਾਨ ਬਾਗੀਆਂ ਨਾਲ ਸਿਖਲਾਈ ਦਿੱਤੀ ਜਾਂਦੀ ਹੈ।

ਉਨ੍ਹਾਂ ਪੰਜਾਬ 'ਚ ਵਿਚ ਖਾੜਕੂਵਾਦ ਦੇ ਮੁੜ

(ਬਾਕੀ ਸਫਾ 10 ਕਾਲਮ 3)

Punjabi Sanatani

## ਸ਼ਰਮਾ (ਸਫ਼ਾ 3 ਦੀ ਬਾਕੀ)

ਉਭਾਰ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਸ੍ਰੀ ਸ਼ਰਮਾ ਨੇ ਕਿਹਾ ਕਿ ਲੋਕ ਖਾੜਕੂਵਾਦ ਤੋਂ ਤੰਗ ਪੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾਂ, ਖਾਸ ਤੌਰ 'ਤੇ ਪੇਂਡੂ ਖੇਤਰਾਂ ਦੇ ਲੋਕਾਂ ਨੇ ਕਦੀ ਵੀ ਵੱਖਵਾਦ ਦੀ ਹਮਾਇਤ ਨਹੀਂ ਕੀਤੀ। ਇਹ ਕੇਵਲ ਉਨ੍ਹਾਂ 'ਤੇ ਠੋਸਿਆ ਗਿਆ ਸੀ।

ਉਨ੍ਹਾਂ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਪੰਜਾਬ ਵਿਚ ਚੋਣਾਂ ਨਾਲ ਸੰਬੰਧਿਤ ਕੋਈ ਹਿੰਸਕ ਵਾਰਦਾਤ ਨਹੀਂ ਵਾਪਰੀ। ਇਸ ਸਬੰਧੀ ਉਨ੍ਹਾਂ ਉੱਘੇ ਖਾੜਕੂ ਭਾਈ ਦਲਜੀਤ ਸਿੰਘ ਬਿੱਟੂ ਤੇ ਗੁਰਸ਼ਰਨ ਸਿੰਘ ਗਾਮਾ ਦੀ ਗ੍ਰਿਫਤਾਰੀ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਚੋਣਾਂ ਤੋਂ ਪਹਿਲਾਂ 20 ਕਸ਼ਮੀਰੀ ਖਾੜਕੂਆਂ ਅਤੇ 20 ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਗੁੰਮਰਾਹ ਨੌਜਵਾਨਾਂ ਨੂੰ ਰਾਸ਼ਟਰੀ ਮੁੱਖ ਧਾਰਾ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

Punjabi Sanatani

ਸ੍ਰੀ ਸ਼ਰਮਾ ਨੇ ਦੋਸ਼ ਲਾਇਆ ਮਨੁੱਖੀ ਅਧਿਕਾਰ ਸੰਸਥਾਵਾਂ ਵਿਦੇਸ਼ੀ ਅਤੇ ਭਾਰਤ ਵਿਰੋਧੀ ਅੰਦਰੂਨੀ ਤਾਕਤਾਂ ਦੀ ਸ਼ਹਿ 'ਤੇ ਜ਼ੋਰ-ਸ਼ੋਰ ਨਾਲ ਵਿਰੋਧੀ ਪ੍ਰਚਾਰ ਵਿਚ ਜੁਟੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਹਮੇਸ਼ਾ ਖਾੜਕੂਆਂ ਦੇ ਅਧਿਕਾਰਾਂ ਦੀਆਂ ਗੱਲਾਂ ਕਰਦੀਆਂ ਹਨ ਪਰ ਜਦੋਂ ਬੰਦੂਕਧਾਰੀ ਖਾੜਕੂਆਂ ਨੇ 750 ਔਰਤਾਂ ਅਤੇ 50 ਦੁੱਧ ਪੀਂਦੇ ਬੱਚਿਆਂ ਨੂੰ ਮਾਰ ਮੁਕਾਇਆ ਤਾਂ ਇਨ੍ਹਾਂ ਸੰਸਥਾਵਾਂ ਦੇ ਆਗੂਆਂ ਨੇ ਇਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਇਕ ਸ਼ਬਦ ਵੀ ਨਹੀਂ ਬੋਲਿਆ।

# ਆਈ.ਐਸ.ਆਈ. ਵੱਲੋਂ ਬੱਬਰ ਖਾਲਸਾ ਲਈ ਭੇਜੇ ਗਏ ਹਥਿਆਰ ਸੀਮਾ ਤੋਂ ਫੜੇ

ਅੰਮ੍ਰਿਤਸਰ, 1 ਮਈ-(ਸਟਾਫ ਰਿਪੋਰਟਰ, ਵਿਸ਼ੇਸ਼ ਪ੍ਰਤੀਨਿਧ) ਅੰਮ੍ਰਿਤਸਰ ਪੁਲਿਸ ਨੇ ਬਟਾਲਾ ਪੁਲਿਸ ਜ਼ਿਲ੍ਹੇ ਅਧੀਨ ਡੇਰਾ ਬਾਬਾ ਨਾਨਕ ਸੈਕਟਰ 'ਚ ਰਾਵੀ ਦਰਿਆ ਦੇ ਕਿਨਾਰੇ ਪੈਂਦੇ ਸਰਹੱਦੀ ਪਿੰਡ ਨੰਗਲੀ ਵਿਖੇ ਜ਼ਮੀਨ ਵਿਚ ਦੱਬੇ ਹੋਏ ਚੀਨੀ ਮਾਡਲ ਦੇ ਪੁਆਇੰਟ 30 ਬੋਰ ਦੇ 19 ਪਿਸਤੌਲਾਂ ਨੂੰ 37 ਮੈਗਜ਼ੀਨਾਂ ਸਮੇਤ ਬਰਾਮਦ ਕਰਨ ਦਾ ਦਾਅਵਾ ਕਰਦਿਆਂ ਕਿਹਾ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਪੰਜਾਬ ਵਿਚਲੀ ਸ਼ਾਂਤੀ ਅਤੇ ਆਰਥਿਕ ਸਥਿਰਤਾ ਨੂੰ ਮੁੜ ਢਾਹ ਲਾਉਣ ਦੇ ਇਰਾਦੇ ਨਾਲ ਪੰਜਾਬ ਅਤੇ ਵਿਸ਼ੇਸ਼ ਕਰਕੇ ਸਰਹੱਦੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੁਣ ਵੱਡੇ-ਵੱਡੇ ਹਥਿਆਰਾਂ ਦੀ ਖੇਪ ਘੱਲਣ ਦੀ ਥਾਂ ਜੇਬ ਵਿਚ ਸਮਾਉਣ ਵਾਲੇ ਛੋਟੇ ਆਕਾਰ ਦੇ ਹਥਿਆਰਾਂ ਨੂੰ ਪਹਿਲ ਦੇ ਰਹੀ ਹੈ। ਅੱਜ ਇਥੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਜ਼ਿਲ੍ਹਾ ਪੁਲਿਸ ਮੁਖੀ ਸ: ਨਰਿੰਦਰਪਾਲ ਸਿੰਘ ਨੇ ਉਪਰੋਕਤ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਹਥਿਆਰਾਂ ਸਬੰਧੀ ਸੂਚਨਾ ਮਿਲਣ 'ਤੇ ਸ਼ਾਮੀਂ 6 ਵਜੇ ਦੇ ਕਰੀਬ ਅੰਮ੍ਰਿਤਸਰ ਤੋਂ ਗਏ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਦੱਸੇ ਗਏ ਠਿਕਾਣੇ ਦੀ ਪੁਟਾਈ ਕਰਕੇ ਦੱਬੇ ਹੋਏ ਹਥਿਆਰਾਂ ਨੂੰ ਜੋ ਕਿ ਪਲਾਸਟਿਕ ਦੇ ਲਿਫਾਫੇ ਵਿਚ ਪੈਕ ਸਨ, ਬਾਹਰ ਕੱਢਿਆ। ਉਨ੍ਹਾਂ ਦੱਸਿਆ ਕਿ ਹਥਿਆਰਾਂ ਦੀ ਬਰਾਮਦਗੀ ਸਬੰਧੀ ਡੇਰਾ ਬਾਬਾ ਨਾਨਕ ਥਾਣੇ 'ਚ ਕੇਸ ਰਜਿਸਟਰ ਕੀਤਾ ਗਿਆ ਹੈ ਜਦ ਕਿ ਇਸ ਗੱਲ ਨੂੰ ਲੈ ਕੇ ਤਹਿਕੀਕਾਤ ਅਜੇ ਜਾਰੀ ਹੈ ਕਿ ਛੋਟੇ ਹਥਿਆਰਾਂ ਦੀ ਇਹ ਖੇਪ ਕਿਸ ਕੋਲ ਪਹੁੰਚਣੀ ਸੀ। ਉਨ੍ਹਾਂ ਕਿਹਾ ਕਿ ਵੱਡੇ ਹਥਿਆਰਾਂ ਦੀਆਂ ਖੇਪਾਂ ਘੱਲਣ ਦੀ ਥਾਂ ਅੱਜ ਕਲ੍ਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਜੇਬ ਵਿਚ ਸਮਾਉਣ ਵਾਲੇ ਛੋਟੇ-ਛੋਟੇ ਪਿਸਤੌਲਾਂ ਅਤੇ ਆਰ.ਡੀ.ਐਕਸ. ਨੂੰ ਹੀ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਭੇਜੇ ਜਾ ਰਹੇ ਥੋੜ੍ਹੇ ਹਥਿਆਰ ਖਾੜਕੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਲਈ ਹੀ ਆਉਂਦੇ ਹਨ ਅਤੇ ਇਨ੍ਹਾਂ ਦਾ ਮੰਤਵ ਪੰਜਾਬ ਵਿਚ ਸ਼ਾਂਤੀ ਨੂੰ ਭੰਗ ਕਰਕੇ ਇਥੇ ਮੁੜ ਤੋਂ ਹਿੰਸਕ ਮਾਹੌਲ ਦਾ ਬਾਨ੍ਹਣੂ ਬੰਨ੍ਹਣਾ ਹੈ। ਉਨ੍ਹਾਂ ਦੱਸਿਆ ਕਿ ਬੀਤੇ ਮਾਰਚ ਮਹੀਨੇ ਦੌਰਾਨ ਕੁਲਵੰਤ ਸਿੰਘ ਢਲ ਅਤੇ ਪਾਕਿ ਨਾਗਰਿਕ ਅਬੂ ਸੁਲੇਮਨ ਨੂੰ ਹਿਰਾਸਤ ਵਿਚ ਲੈ ਕੇ ਉਨ੍ਹਾਂ ਪਾਸੋਂ 36 ਕਿਲੋਗ੍ਰਾਮ ਆਰ.ਡੀ.ਐਕਸ ਫੜੀ ਗਈ ਸੀ। ਉਨ੍ਹਾਂ ਕਿਹਾ ਕਿ ਸੰਭਵ ਹੈ ਕਿ ਆਈ.ਐਸ.ਆਈ. ਵੱਲੋਂ ਭੇਜੀ ਜਾ ਰਹੀ ਵਿਸਫੋਟਕ ਸਮਗਰੀ ਦਾ ਮੰਤਵ ਚੋਣ ਪ੍ਰਕਿਰਿਆ ਦੌਰਾਨ ਰਾਜ ਵਿਚ ਗੜਬੜੀ ਫੈਲਾਉਣਾ ਹੀ ਹੋਵੇ। ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਬਰਾਮਦ ਕੀਤੇ ਗਏ 19 ਪਿਸਤੌਲਾਂ ਵਿਚ ਇਕ ਰਿਵਾਲਵਰ ਐਸਾ ਵੀ ਹੈ ਜਿਸ ਵਿਚ ਇਕੋ ਸਮੇਂ 10 ਗੋਲੀਆਂ ਚਲਦੀਆਂ ਹਨ।